**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ,**
**ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ ਸਾਇਟ ਰਾਹੀਂ)

2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)

ਮੀਮੋ ਨੰ ਸਸਅ/ਕੋਆਰਡੀਨੇਸ਼ਨ/2/75542
ਮਿਤੀ ਚੰਡੀਗੜ੍ਹ 13.12.2010

**ਵਿਸ਼ਾ ਵਿਦਿਆਰਥੀਆਂ ਦੀ ਗੈਰ ਹਾਜ਼ਰੀ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪੰਜਾਬ ਰਾਜ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦੇ ਨਿਰੀਖਣਾਂ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਕਈ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗੈਰ-ਹਾਜ਼ਰੀ ਕਾਫੀ ਜ਼ਿਆਦਾ ਵੇਖਣ ਵਿੱਚ ਆਈ ਹੈ । ਇਹ ਵੀ ਵੇਖਣ ਵਿੱਚ ਆਇਆ ਹੈ ਕਿ ਆਮ ਤੌਰ ਤੇ ਸਕੂਲ ਮੁੱਖੀ ਵਿਦਿਆਰਥੀਆਂ ਦੀ ਇਸ ਗੈਰ-ਹਾਜ਼ਰੀ ਨੂੰ ਘੱਟ ਕਰਨ ਲਈ ਕੋਈ ਵਿਸ਼ੇਸ ਉਪਰਾਲੇ ਨਹੀਂ ਕਰਦੇ ਜਦੋਂ ਕਿ ਮੁੱਖ ਦਫਤਰ ਵੱਲੋਂ ਵਿਸ਼ੇਸ ਹਦਾਇਤਾਂ ਜਾਰੀ ਕੀਤੀਆ ਗਈਆਂ ਹਨ ਕਿ ਗੈਰ-ਹਾਜ਼ਰ ਵਿਦਿਆਰਥੀ ਦੇ ਮਾਂ ਪਿਓ ਨਾਲ ਸੰਪਰਕ ਕਰਕੇ ਵਿਦਿਆਰਥੀਆਂ ਦੀ ਸਕੂਲ ਵਿੱਚ ਹਾਜ਼ਰੀ ਨੂੰ ਯਕੀਨੀ ਬਣਾਇਆ ਜਾਵੇ । ਇਸ ਦੇ ਨਾਲ ਇਹ ਵੀ ਮਹਿਸੂਸ ਕੀਤਾ ਜਾਂਦਾ ਹੈ ਕਿ ਕਲਾਸ ਇਨਚਾਰਜ ਵੱਲੋਂ ਵੀ ਵਿਦਿਆਰਥੀਆ ਦੀ ਹਾਜ਼ਰੀ ਨੂੰ ਯਕੀਨੀ ਬਨਾਉਣ ਲਈ ਵਿਸ਼ੇਸ ਉਪਰਾਲੇ ਕਰਨ ਦੀ ਲੋੜ ਹੈ ।

3.0 ਇਸ ਸਾਰੇ ਮਾਮਲੇ ਬਾਰੇ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤਾਂ ਕੀਤੀਆਂ ਜਾਂਦੀਆਂ ਹਨ ਕਿ ਮਹੀਨੇ ਦੇ ਅਖੀਰਲੇ ਦਿਨ ਉਹ ਯਕੀਨੀ ਬਨਾਉਣ ਕਿ ਉਹ ਸਮੂਹ ਸਕੂਲ ਇਨਚਾਰਜਾਂ ਤੋਂ

ਹਾਜਰੀ ਰਜਿਸਟਰ ਲੈਣ ਉਪਰੰਤ ਵਿਦਿਆਰਥੀਆਂ ਦੀ ਔਸਤ ਹਾਜਰੀ ਦਾ ਜਾਇਜਾ ਲੈਣ ਉਪਰੰਤ ਆਪਣੀ ਟਿੱਪਣੀ ਦਰਜ ਕਰਨ । ਜਿਸ ਕਲਾਸ ਇਨਚਾਰਜ ਦੇ ਵਿਦਿਆਰਥੀਆਂ ਦੀ ਹਾਜਰੀ ਸਭ ਤੋਂ ਵੱਧ ਪਾਈ ਜਾਂਦੀ ਹੈ, ਉਸ ਨੂੰ ਇਕ ਵਿਸ਼ੇਸ਼ ਸਲਾਘਾ-ਪੱਤਰ ਆਪਣੀ ਪੱਧਰ ਤੇ ਜਾਰੀ ਕਰਨ । 31 ਮਾਰਚ, 2011 ਨੂੰ ਯਾਣੀ ਅਕਾਦਮਿਕ ਸਾਲ ਦੇ ਅਖੀਰਲੇ ਦਿਨ ਤੀਕ ਦਾ ਪੂਰਾ ਵੇਰਵਾ ਇਕੱਠਾ ਕਰਨ ਉਪਰੰਤ ਸਕੂਲ ਵਿੱਚ ਸਭ ਤੋਂ ਵਧੀਆ ਕੰਮ ਕਰਨ ਵਾਲੇ ਅਧਿਆਪਕ / ਕਲਾਸ ਇਨਚਾਰਜ ਦਾ ਵੇਰਵਾ ਜ਼ਿਲ੍ਹਾ ਸਿੱਖਿਆ ਅਫਸਰ ਰਾਹੀਂ ਮੁੱਖ ਦਫਤਰ ਨੂੰ ਭਿਜਵਾਉਣਾ ਯਕੀਨੀ ਬਣਾਇਆ ਜਾਵੇ ।

ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਨਾ ਕੀਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ